Employment Standards Branch
FACTSHEET

ਇਹ ਤੱਥ-ਸ਼ੀਟ ਕੇਵਲ ਆਮ ਜਾਣਕਾਰੀ ਦੇਣ ਦੇ ਮੰਤਵਾਂ ਲਈ ਤਿਆਰ ਕੀਤੀ ਗਈ ਹੈ। ਇਹ ਕੋਈ ਕਾਨੂੰਨੀ ਦਸਤਾਵੇਜ਼ ਨਹੀਂ ਹੈ। ਕਾਨੂੰਨ ਦੇ ਅਰਥਾਂ ਅਤੇ ਵਰਤੋਂ ਦੇ ਮੰਤਵਾਂ ਲਈ *ਇਮਪਲੌਏਮੈਂਟ ਸਟੈਂਡਰਡਜ਼ ਐਕਟ ਐਂਡ ਰੈਗੂਲੇਸ਼ਨ* ਦੇਖੋ।

ਮਈ 2011

# ਫਾਰਮਾਂ ਵਿਚ ਕੰਮ ਕਰਨ ਵਾਲੇ ਵਰਕਰ

## 'ਫਾਰਮ ਵਰਕਰ' ਦੀ ਪਰਿਭਾਸ਼ਾ

ਇਮਪਲੌਏਮੈਂਟ ਸਟੈਂਡਰਡਜ਼ ਰੈਗੂਲੇਸ਼ਨ ਮੁਤਾਬਕ ਫਾਰਮ ਵਰਕਰ ਦੀ ਪਰਿਭਾਸ਼ਾ ਉਸ ਵਿਅਕਤੀ ਵਜੋਂ ਕੀਤੀ ਗਈ ਹੈ ਜਿਹੜਾ ਫਾਰਮਾਂ, ਰੈਂਚਾਂ, ਫਲਾਂ ਦੇ ਬਾਗਾਂ ਜਾਂ ਖੇਤੀਬਾੜੀ ਦੇ ਖੇਤਰ ਵਿਚ ਕੰਮ ਕਰਦਾ ਹੈ ਅਤੇ ਜਿਸਦੇ ਕੰਮ ਦੀਆਂ ਮੁੱਖ ਜ਼ਿੰਮੇਵਾਰੀਆਂ ਵਿਚ ਇਹ ਸ਼ਾਮਲ ਹਨ:

- ਉਪਰਲੇ ਕਿਸੇ ਵੀ ਖੇਤਰ ਵਿਚ ਕਿਸੇ ਚੀਜ਼ ਨੂੰ ਉਗਾਉਣਾ, ਵਧਾਉਣਾ, ਦੇਖ-ਭਾਲ ਕਰਨਾ, ਵਾਹੀ ਕਰਨਾ, ਬੂਟੇ ਉਪਜਾਉਣਾ, ਕਟਾਈ ਜਾਂ ਝਟਕਾਈ ਕਰਨਾ।
- ਜ਼ਮੀਨ ਨੂੰ ਸਾਫ ਕਰਨਾ, ਪਾਣੀ ਕੱਢਣਾ, ਸਿੰਜਾਈ ਕਰਨਾ ਜਾਂ ਜ਼ਮੀਨ ਨੂੰ ਵਾਹੁਣਾ।
- ਉਪਰਲੇ ਮੰਤਵਾਂ ਲਈ ਫਾਰਮ ਦੀ ਮਸ਼ੀਨਰੀ, ਸਾਜ਼-ਸਮਾਨ ਜਾਂ ਹੋਰ ਚੀਜ਼ਾਂ ਚਲਾਉਣਾ ਜਾਂ ਵਰਤਣਾ।
- ਉਪਰਲੇ ਖੇਤਰ ਵਾਲੀ ਕਿਸੇ ਵੀ ਥਾਂ ਤੇ ਕੋਈ ਚੀਜ਼ ਸਿੱਧੀ ਵੇਚਣਾ, ਜੇ ਇਹ ਵਿਕਰੀ ਸਿਰਫ ਉੱਥੇ ਹੀ ਕੀਤੀ ਜਾਂਦੀ ਹੈ ਅਤੇ ਕੇਵਲ ਉਸ ਚੀਜ਼ ਦੇ ਪੱਕਣ ਦੇ ਆਮ ਮੌਸਮ ਦੌਰਾਨ ਕੀਤੀ ਜਾਂਦੀ ਹੈ।
- ਉਸ ਥਾਂ ਵਲੋਂ ਪੈਦਾ ਕੀਤੀ ਗਈ ਚੀਜ਼ ਨੂੰ ਕੋਈ ਤਬਦੀਲੀ ਕੀਤੇ ਬਿਨਾਂ ਜਾਂ ਉਹੋ ਚੀਜ਼ ਫਸਲ ਪੱਕਣ ਦੇ ਆਮ ਮੌਸਮ ਵਿਚ ਕਿਸੇ ਹੋਰ ਥਾਂ ਤੋਂ ਲੈ ਕੇ ਉਸ ਦੀ ਮੁਢਲੀ ਧੁਆਈ, ਸਫਾਈ, ਛਾਂਟੀ, ਗ੍ਰੇਡਬੰਦੀ ਜਾਂ ਪੈਕਿੰਗ ਕਰਨਾ।

ਇਨ੍ਹਾਂ ਵਿਚੋਂ ਕੋਈ ਵੀ ਫਾਰਮ ਵਰਕਰ ਨਹੀਂ ਹੈ:

- ਫਾਰਮਾਂ, ਰੈਂਚਾਂ, ਫਲਾਂ ਦੇ ਬਾਗਾਂ ਜਾਂ ਖੇਤੀਬਾੜੀ ਦੀ ਕਿਸੇ ਚੀਜ਼ ਤੋਂ ਕੋਈ ਚੀਜ਼ ਬਣਾਉਣ (ਪ੍ਰੋਸੈੱਸ ਕਰਨ) ਵਜੋਂ ਕੰਮ ਕਰਦਾ ਕੋਈ ਮੁਲਾਜ਼ਮ।
- ਫੁੱਲ ਬੂਟੇ ਲਾਉਣ ਵਾਲਾ ਗਾਰਡਨਰ ਜਾਂ ਜਿਹੜਾ ਵਿਅਕਤੀ ਪ੍ਰਚੂਨ ਵਿਕਰੀ ਵਾਲੀ ਨਰਸਰੀ ਵਿਚ ਕੰਮ ਕਰਦਾ ਹੈ।
- ਜਲਜੀਵਾਂ ਦੇ ਖੇਤਰ ਵਿਚ ਕੰਮ ਕਰਦਾ ਕੋਈ ਮੁਲਾਜ਼ਮ।

ਫਾਰਮ ਵਰਕਰ, *ਇਮਪਲੌਏਮੈਂਟ ਸਟੈਂਡਰਡਜ਼ ਐਕਟ* ਅਤੇ ਨਿਯਮਾਂ ਦੇ ਬਹੁਤੇ ਸੈਕਸ਼ਨਾਂ ਅਧੀਨ ਆਉਂਦੇ ਹਨ ਪਰ ਅੱਗੇ ਲਿਖੀਆਂ ਕੁਝ ਖਾਸ ਮਹੱਤਵਪੂਰਨ ਛੋਟਾਂ ਹਨ।

## ਘੱਟੋ-ਘੱਟ ਤਨਖਾਹ

ਫਾਰਮ ਵਰਕਰ ਜਿਹੜੇ ਕੁਝ ਖਾਸ ਫਸਲਾਂ ਹੱਥ ਨਾਲ ਚੁਗਦੇ ਹਨ, ਉਨ੍ਹਾਂ ਨੂੰ ਪੀਸ ਰੇਟ (ਕੀਤੇ ਕੰਮ) ਮੁਤਾਬਕ ਤਨਖਾਹ ਦਿੱਤੀ ਜਾ ਸਕਦੀ ਹੈ। ਜੇ ਕੋਈ ਕੰਮ-ਮਾਲਕ (ਇਮਪਲੌਏਅਰ) ਪੀਸ ਰੇਟ ਦੇਣ ਦੀ ਚੋਣ ਕਰਦਾ ਹੈ ਤਾਂ ਫਾਰਮ ਵਰਕਰਾਂ ਨੂੰ ਰੈਗੂਲੇਸ਼ਨ ਵਿਚ ਹਰ ਫਸਲ ਲਈ ਤਹਿ ਕੀਤਾ ਗਿਆ ਘੱਟੋ ਘੱਟ ਪੀਸ ਰੇਟ ਦਿੱਤਾ ਜਾਣਾ ਜ਼ਰੂਰੀ ਹੈ। ਇਹ ਪੀਸ ਰੇਟ ਹੇਠਾਂ ਦਿੱਤੇ ਗਏ ਹਨ।

ਜਿੱਥੇ ਫਾਰਮ ਵਰਕਰਾਂ ਨੂੰ ਪੈਸੇ ਪੀਸ ਰੇਟ ਮੁਤਾਬਕ ਮਿਲਦੇ ਹਨ ਉੱਥੇ ਕੰਮ-ਮਾਲਕ ਨੂੰ ਇਹ ਦੱਸਦੇ ਹੋਏ ਨੋਟਿਸ ਜ਼ਰੂਰ ਲਾਉਣੇ ਪੈਣਗੇ:

- ਚੁਗਾਈ ਕਰਨ ਵਾਲੇ ਡੱਬਿਆਂ (ਕਨਟੇਨਰਜ਼) ਦਾ ਨਾਪ (ਵੌਲਿਊਮ);
- ਡੱਬੇ ਨੂੰ ਭਰਨ ਲਈ ਫਸਲ ਦੀ ਲੋੜੀਂਦੀ ਮਿਣਤੀ ਜਾਂ ਫਸਲ ਦਾ ਲੋੜੀਂਦਾ ਭਾਰ ਅਤੇ;
- ਫਸਲ ਦਾ ਪੀਸ ਰੇਟ।

ਬਾਕੀ ਸਾਰੇ ਫਾਰਮ ਵਰਕਰਾਂ ਨੂੰ, ਭਾਵੇਂ ਉਹ ਵਰਕਰ ਘੰਟਿਆਂ 'ਤੇ ਕੰਮ ਕਰਦੇ ਹੋਣ, ਉੱਕੀ-ਪੁੱਕੀ ਤਨਖਾਹ ਲੈਂਦੇ ਹੋਣ ਜਾਂ ਕਿਸੇ ਹੋਰ ਤਰੀਕੇ ਨਾਲ ਤਨਖਾਹ ਲੈਂਦੇ ਹੋਣ, ਅੱਗੇ ਲਿਖੇ ਮੁਤਾਬਕ **ਘੱਟੋ-ਘੱਟ** ਤਨਖਾਹ ਦਿੱਤੀ ਜਾਣੀ ਜ਼ਰੂਰੀ ਹੈ:

1 ਮਈ, 2011 – 8 ਡਾਲਰ 75 ਸੈਂਟ ਪ੍ਰਤੀ ਘੰਟਾ;
1 ਨਵੰਬਰ, 2011 – 9 ਡਾਲਰ 50 ਸੈਂਟ ਪ੍ਰਤੀ ਘੰਟਾ; ਅਤੇ
1 ਮਈ, 2012 – 10 ਡਾਲਰ 25 ਸੈਂਟ ਪ੍ਰਤੀ ਘੰਟਾ।

**ਨੋਟ:** ਸੀਜ਼ਨਲ ਐਗਰੀਕਲਚਰਲ ਵਰਕਰ ਪ੍ਰੋਗਰਾਮ (ਐੱਸ ਏ ਡਬਲਯੂ ਪੀ) ਅਧੀਨ ਕੰਮ ਕਰਨ ਵਾਲੇ ਫਾਰਮ ਵਰਕਰਾਂ ਨੂੰ ਤਨਖਾਹ ਐੱਸ ਏ ਡਬਲਯੂ ਪੀ ਕੌਨਟਰੈਕਟ ਅਧੀਨ ਦਿੱਤੀ ਜਾਣੀ ਜ਼ਰੂਰੀ ਹੈ। ਐੱਸ ਏ ਡਬਲਯੂ ਪੀ ਕੌਨਟਰੈਕਟ ਬਾਰੇ ਹੋਰ ਜਾਣਕਾਰੀ ਲੈਣ ਲਈ ਕਿਰਪਾ ਕਰਕੇ ਹਿਊਮਨ ਰੀਸੋਰਸਿਜ਼ ਐਂਡ ਸਕਿਲਜ਼ ਡਿਵੈਲਪਮੈਂਟ ਕੈਨੇਡਾ ਨਾਲ 604-687-7803 'ਤੇ ਜਾਂ ਬ੍ਰਿਟਿਸ਼ ਕੋਲੰਬੀਆ ਵਿਚ ਟੋਲ ਫਰੀ (ਮੁਫਤ) 1-888-246-7712 'ਤੇ ਸੰਪਰਕ ਕਰੋ।

*ਜਾਰੀ...*

## ਤਨਖਾਹਾਂ ਦੇਣਾ

ਸਾਰੇ ਫਾਰਮ ਵਰਕਰਾਂ ਨੂੰ ਮਹੀਨੇ ਵਿਚ **ਘੱਟੋ-ਘੱਟ** ਦੋ ਵਾਰੀ ਤਨਖਾਹ ਮਿਲਣੀ ਜ਼ਰੂਰੀ ਹੈ।

ਘੰਟਿਆਂ 'ਤੇ ਕੰਮ ਕਰਨ ਵਾਲੇ ਫਾਰਮ ਵਰਕਰਾਂ ਅਤੇ ਉੱਕਾ-ਪੁੱਕਾ ਤਨਖਾਹ ਲੈਣ ਵਾਲੇ ਵਰਕਰਾਂ ਨੂੰ ਤਨਖਾਹ ਦੇ ਸਮੇਂ ਦੇ ਅੰਤ ਤੋਂ ਬਾਅਦ ਅੱਠ ਦਿਨਾਂ ਦੇ ਵਿਚ ਵਿਚ ਤਨਖਾਹ ਦਿੱਤੀ ਜਾਣੀ ਜ਼ਰੂਰੀ ਹੈ।

ਪੀਸ ਰੇਟ 'ਤੇ ਕੰਮ ਕਰਦੇ ਫਾਰਮ ਵਰਕਰਾਂ ਨੂੰ ਕੁੱਲ ਅੰਦਾਜ਼ਨ ਤਨਖਾਹ ਦੀ ਘੱਟੋ-ਘੱਟ 80 ਫੀਸਦੀ ਤਨਖਾਹ ਹਰ ਮਹੀਨੇ ਦੇ ਅੱਧ ਵਿਚ ਦਿੱਤੀ ਜਾ ਸਕਦੀ ਹੈ। ਬਾਕੀ ਸਾਰੀ ਬਚਦੀ ਤਨਖਾਹ ਹਰ ਮਹੀਨੇ ਦੇ ਅੰਤ ਤੋਂ ਬਾਅਦ ਦੇ ਅੱਠ ਦਿਨਾਂ ਵਿਚ ਦਿੱਤੀ ਜਾਣੀ ਜ਼ਰੂਰੀ ਹੈ।

ਫਾਰਮਾਂ ਲਈ ਵਰਕਰ ਲਿਜਾਣ ਵਾਲੇ ਲਾਇਸੰਸਸ਼ੁਦਾ ਠੇਕੇਦਾਰਾਂ ਲਈ, ਤਨਖਾਹਾਂ ਸਿੱਧੀਆਂ ਮੁਲਾਜ਼ਮਾਂ ਦੇ ਬੈਂਕ ਖਾਤਿਆਂ ਵਿਚ ਜਮ੍ਹਾਂ ਕਰਵਾਉਣਾ ਜ਼ਰੂਰੀ ਹੈ।

## ਤਨਖਾਹਾਂ ਵਿੱਚੋਂ ਕਟੌਤੀਆਂ

ਕੋਈ ਵੀ ਕੰਮ-ਮਾਲਕ, ਕਾਨੂੰਨ ਮੁਤਾਬਕ ਜ਼ਰੂਰੀ ਕਟੌਤੀਆਂ (ਜਿਵੇਂ ਕਿ ਇਨਕਮ ਟੈਕਸ, ਸੀ ਪੀ ਪੀ ਅਤੇ ਈ ਆਈ) ਤੋਂ ਬਿਨਾਂ ਜਾਂ ਮੁਲਾਜ਼ਮ ਦੀ ਲਿਖਤੀ ਆਗਿਆ ਤੋਂ ਬਿਨਾਂ ਕਿਸੇ ਵੀ ਮੁਲਾਜ਼ਮ ਦੀ ਤਨਖਾਹ ਵਿੱਚੋਂ ਸਿੱਧੀ ਜਾਂ ਅਸਿੱਧੀ ਕਟੌਤੀ ਨਹੀਂ ਕਰ ਸਕਦਾ, ਤਨਖਾਹ ਰੋਕ ਨਹੀਂ ਸਕਦਾ ਜਾਂ ਕਿਸੇ ਹੋਰ ਹਰਜਾਨੇ ਵਜੋਂ ਮੁਲਾਜ਼ਮ ਦੀ ਤਨਖਾਹ ਵਿੱਚੋਂ ਕਟੌਤੀ ਨਹੀਂ ਕਰ ਸਕਦਾ।

ਭਾਵੇਂ ਮੁਲਾਜ਼ਮ ਨੇ ਕੋਈ ਲਿਖਤੀ ਆਗਿਆ ਦਿੱਤੀ ਵੀ ਹੋਵੇ, ਫਿਰ ਵੀ ਕੋਈ ਵੀ ਕੰਮ-ਮਾਲਕ ਕਿਸੇ ਵੀ ਮੁਲਾਜ਼ਮ ਤੋਂ ਇਹ ਮੰਗ ਨਹੀਂ ਕਰ ਸਕਦਾ ਕਿ ਉਹ ਕੰਮ-ਮਾਲਕ ਦੇ ਕਾਰੋਬਾਰ ਦੇ ਖਰਚੇ ਦਾ ਕੋਈ ਹਿੱਸਾ ਦੇਵੇ।

## ਓਵਰਟਾਈਮ

ਫਾਰਮ ਵਰਕਰ ਓਵਰਟਾਈਮ ਦੀ ਤਨਖਾਹ ਲੈਣ ਦੇ ਹੱਕਦਾਰ ਨਹੀਂ ਹਨ। ਪਰ ਫਾਰਮ ਵਿਚ ਕੰਮ ਕਰਦੇ ਕਿਸੇ ਵੀ ਵਰਕਰ ਤੋਂ ਕੰਮ-ਮਾਲਕ ਇੰਨਾ ਜ਼ਿਆਦਾ ਕੰਮ ਨਹੀਂ ਕਰਾ ਸਕਦਾ ਜਾਂ ਉਸ ਨੂੰ ਇੰਨਾ ਕੰਮ ਕਰਨ ਦੀ ਆਗਿਆ ਨਹੀਂ ਦੇ ਸਕਦਾ ਜਿੰਨਾ ਕੰਮ ਮੁਲਾਜ਼ਮ ਦੀ ਸਿਹਤ ਜਾਂ ਸੁਰੱਖਿਆ ਲਈ ਨੁਕਸਾਨਦੇਹ ਹੋਵੇ।

## ਸਲਾਨਾ ਛੁੱਟੀਆਂ (ਵਕੇਸ਼ਨ) ਅਤੇ ਛੁੱਟੀਆਂ ਦੀ ਤਨਖਾਹ (ਵਕੇਸ਼ਨ ਪੇਅ)

ਪੀਸ ਰੇਟ 'ਤੇ ਕੰਮ ਕਰਦੇ ਕਾਮਿਆਂ ਲਈ ਛੁੱਟੀਆਂ ਦੀ ਤਨਖਾਹ, ਹੇਠਾਂ ਦਿੱਤੇ ਪੀਸ ਰੇਟਾਂ ਵਿਚ **ਸ਼ਾਮਲ** ਹੈ।

ਉੱਕੀ-ਪੁੱਕੀ ਤਨਖਾਹ ਜਾਂ ਘੰਟਿਆਂ ਦੀ ਤਨਖਾਹ ਲੈਣ ਵਾਲੇ ਫਾਰਮ ਵਰਕਰ ਇਸ ਦੇ ਹੱਕਦਾਰ ਹਨ:

- 12 ਮਹੀਨਿਆਂ ਦੇ ਲਗਾਤਾਰ ਕੰਮ ਤੋਂ ਬਾਅਦ ਦੋ ਹਫਤਿਆਂ ਦੀਆਂ ਛੁੱਟੀਆਂ ਅਤੇ ਪੰਜ ਸਾਲ ਲਗਾਤਾਰ ਕੰਮ ਤੋਂ ਬਾਅਦ ਤਿੰਨ ਹਫਤਿਆਂ ਦੀਆਂ ਛੁੱਟੀਆਂ ਦੇ ਹੱਕਦਾਰ ਹਨ।

- ਪੰਜ ਦਿਨਾਂ ਦੀ ਮੁਲਾਜ਼ਮਤ ਪੂਰੀ ਕਰਨ ਤੋਂ ਬਾਅਦ ਕੁੱਲ ਆਮਦਨ ਦੀ ਚਾਰ ਫੀ ਸਦੀ ਛੁੱਟੀਆਂ ਦੀ ਤਨਖਾਹ ਅਤੇ ਪੰਜ ਸਾਲ ਦੀ ਮੁਲਾਜ਼ਮਤ ਤੋਂ ਬਾਅਦ ਕੁੱਲ ਸਲਾਨਾ ਆਮਦਨ ਦੀ ਛੇ ਫੀ ਸਦੀ ਛੁੱਟੀਆਂ ਦੀ ਤਨਖਾਹ ਦੇ ਹੱਕਦਾਰ ਹਨ। (*ਸਲਾਨਾ ਛੁੱਟੀਆਂ* ਨਾਂ ਦੀ ਤੱਥ-ਸ਼ੀਟ ਦੇਖੋ।)

ਛੁੱਟੀਆਂ ਦੀ ਤਨਖਾਹ ਇਸ ਤਰ੍ਹਾਂ ਦਿੱਤੀ ਜਾਣੀ ਹੈ:

- ਸਲਾਨਾ ਛੁੱਟੀਆਂ ਸ਼ੁਰੂ ਹੋਣ ਤੋਂ ਘੱਟੋ ਘੱਟ ਸੱਤ ਦਿਨ ਪਹਿਲਾਂ, ਜਾਂ ਜੇ ਕੰਮ-ਮਾਲਕ ਅਤੇ ਮੁਲਾਜ਼ਮ ਨੇ ਲਿਖਤੀ ਤੌਰ 'ਤੇ ਸਹਿਮਤੀ ਕੀਤੀ ਹੋਈ ਹੈ ਤਾਂ ਤਨਖਾਹ ਵਾਲੇ ਆਮ ਦਿਨਾਂ ਨੂੰ; ਜਾਂ

- ਜੇ ਕੰਮ ਇਕ ਸਾਲ ਤੋਂ ਪਹਿਲਾਂ ਮੁੱਕ ਜਾਂਦਾ ਹੈ ਤਾਂ ਆਖਰੀ ਤਨਖਾਹ ਦੀ ਚੈੱਕ ਵਿਚ।

## ਕਾਨੂੰਨੀ ਛੁੱਟੀਆਂ

ਫਾਰਮ ਵਰਕਰ ਕਾਨੂੰਨੀ ਛੁੱਟੀਆਂ ਦੇ ਫਾਇਦਿਆਂ ਤੋਂ ਬਾਹਰ ਹਨ।

## ਤਨਖਾਹ ਦੀਆਂ ਸਟੇਟਮੈਂਟਾਂ

ਤਨਖਾਹ ਵਾਲੇ ਦਿਨ, ਕੰਮ-ਮਾਲਕ ਵਲੋਂ ਹਰ ਮੁਲਾਜ਼ਮ ਨੂੰ ਤਨਖਾਹ ਦੀ ਲਿਖਤੀ ਸਟੇਟਮੈਂਟ (ਚਿੱਠਾ) ਦੇਣਾ ਜ਼ਰੂਰੀ ਹੈ ਜਿਸ ਵਿਚ ਅੱਗੇ ਲਿਖੀ ਜਾਣਕਾਰੀ ਸ਼ਾਮਲ ਹੋਣੀ ਚਾਹੀਦੀ ਹੈ:

*ਜਾਰੀ...*

- ਕੰਮ-ਮਾਲਕ ਦਾ ਨਾਂ ਅਤੇ ਐਡਰੈਸ;
- ਕਿੰਨੇ ਘੰਟੇ ਕੰਮ ਕੀਤਾ ਹੈ;
- ਮੁਲਾਜ਼ਮ ਦਾ ਤਨਖਾਹ ਰੇਟ, ਕੀ ਇਹ ਘੰਟਿਆਂ ਦਾ ਰੇਟ ਹੈ, ਉੱਕੀ-ਪੁੱਕੀ ਤਨਖਾਹ ਹੈ, ਫਲੈਟ ਰੇਟ ਹੈ, ਪੀਸ ਰੇਟ ਹੈ, ਕਮਿਸ਼ਨ ਹੈ ਜਾਂ ਕਿਸੇ ਹੋਰ ਤਰ੍ਹਾਂ ਹੈ;
- ਕੋਈ ਹੋਰ ਪੈਸੇ, ਅਲਾਊਂਸ ਜਾਂ ਹੋਰ ਅਦਾਇਗੀ ਜਿਸ ਦਾ ਮੁਲਾਜ਼ਮ ਹੱਕਦਾਰ ਹੈ;
- ਹਰ ਕਟੌਤੀ ਦੀ ਰਕਮ ਅਤੇ ਇਸ ਦਾ ਮੰਤਵ;
- ਮੁਲਾਜ਼ਮ ਦੀ ਆਮਦਨ ਦਾ ਹਿਸਾਬ ਕਿਵੇਂ ਲਾਇਆ ਗਿਆ ਹੈ, ਜੇ ਮੁਲਾਜ਼ਮ ਦੀ ਤਨਖਾਹ ਘੰਟਿਆਂ ਜਾਂ ਉੱਕੀ-ਪੁੱਕੀ
- ਤਨਖਾਹ ਤੋਂ ਬਿਨਾਂ ਕਿਸੇ ਹੋਰ ਤਰੀਕੇ ਨਾਲ ਦਿੱਤੀ ਗਈ ਹੈ; ਅਤੇ
- ਮੁਲਾਜ਼ਮ ਦੀ ਕੁੱਲ ਅਤੇ ਕਟੌਤੀਆਂ ਤੋਂ ਬਾਅਦ ਦੀ ਤਨਖਾਹ ਅਤੇ ਕੋਈ ਵੀ ਹੋਰ ਰਕਮ ਦਾ ਵੇਰਵਾ ਜਿਹੜੀ ਮੁਲਾਜ਼ਮ ਦੇ ਟਾਈਮ ਬੈਂਕ ਵਿਚੋਂ ਕਢਾਈ ਗਈ ਹੈ ਅਤੇ ਕਿੰਨੀ ਰਕਮ ਰਹਿੰਦੀ ਹੈ।

## ਪੀਸ ਵਰਕ ਵਾਲੀਆਂ ਫਸਲਾਂ ਲਈ ਘੱਟੋ-ਘੱਟ ਤਨਖਾਹ 1 ਮਈ, 2011 ਤੋਂ ਲਾਗੂ

ਜਿਹੜੇ ਫਾਰਮ ਵਰਕਰ ਪੀਸ ਵਰਕ ਦੇ ਆਧਾਰ 'ਤੇ ਕੰਮ ਕਰਦੇ ਹਨ ਅਤੇ ਅੱਗੇ ਲਿਖੀਆਂ ਫਸਲਾਂ ਹੱਥਾਂ ਨਾਲ ਤੋੜਦੇ ਹਨ, ਉਨ੍ਹਾਂ ਲਈ ਘੱਟੋ-ਘੱਟ ਰੇਟ ਇਸ ਤਰ੍ਹਾਂ ਹਨ: (ਛੁੱਟੀਆਂ ਦੀ ਚਾਰ ਫੀ ਸਦੀ ਤਨਖਾਹ ਸਮੇਤ):

| | |
|---|---|
| ਸੇਬ | 17.06 ਡਾਲਰ/ ਢੋਲ (27.1 ਘਣ-ਫੁੱਟ) |
| ਖੁਰਮਾਨੀਆਂ | 19.62 ਡਾਲਰ/ ਅੱਧਾ ਢੋਲ (13.7 ਘਣ-ਫੁੱਟ) |
| ਫਲੀਆਂ | 0.234 ਡਾਲਰ/ ਪੌਂਡ |
| ਬਲੂਬੇਰੀ | 0.396 ਡਾਲਰ/ ਪੌਂਡ |
| ਬਰੱਸਲਜ਼ ਸਪਰੋਟ | 0.163 ਡਾਲਰ/ ਪੌਂਡ |
| ਚੈਰੀ | 0.224 ਡਾਲਰ/ ਪੌਂਡ |
| ਅੰਗੂਰ | 18.13 ਡਾਲਰ/ ਅੱਧਾ ਢੋਲ (13.7 ਘਣ-ਫੁੱਟ) |
| ਖੁੰਬਾਂ | 0.235 ਡਾਲਰ/ ਪੌਂਡ |
| ਆੜੂ | 18.13 ਡਾਲਰ/ ਅੱਧਾ ਢੋਲ (12.6 ਘਣ-ਫੁੱਟ) |
| ਨਾਸ਼ਪਾਤੀਆਂ | 19.21 ਡਾਲਰ/ ਢੋਲ (27.1 ਘਣ-ਫੁੱਟ) |
| ਮਟਰ | 0.292 ਡਾਲਰ/ ਪੌਂਡ |
| ਆਲੂ ਬੁਖਾਰੇ | 19.21 ਡਾਲਰ/ ਅੱਧਾ ਢੋਲ (13.7 ਘਣ-ਫੁੱਟ) |
| ਰਸਬੇਰੀ | 0.357 ਡਾਲਰ/ ਪੌਂਡ |
| ਸਟਰਾਅਬੇਰੀ | 0.343 ਡਾਲਰ/ ਪੌਂਡ |

| | |
|---|---|
| ਡੈਫੋਡਿਲਜ਼* | 0.137 ਡਾਲਰ/ ਗੁੱਛਾ (10 ਡੰਡੀਆਂ) |

*ਡੈਫੋਡਿਲਜ਼ ਦੇ ਰੇਟਾਂ ਵਿਚ ਛੁੱਟੀਆਂ ਦੀ ਤਨਖਾਹ ਸ਼ਾਮਲ **ਨਹੀਂ**।

ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਇਮਪਲੌਏਮੈਂਟ ਸਟੈਂਡਰਡਜ਼ ਬਰਾਂਚ ਨਾਲ ਸੰਪਰਕ ਕਰੋ:
A207 – 20159 88th Avenue
Langley BC V1M 0A4
ਫੈਕਸ: 604 513-4622

ਜਾਂ ਐਗਰੀਕਲਚਰਲ ਕੰਪਲਾਇੰਸ ਹੌਟ ਲਾਈਨ ਨੂੰ ਫੋਨ ਕਰੋ: 604 513-4604